ਡਾਇਰੈਕਟਰ ਸਿੱਖਿਆ ਭਰਤੀ ਡਾਇਰੈਕਟੋਰੇਟ ਪੰਜਾਬ।
(ਮਾਈਕਰੋਸਾਫ਼ਟ ਬਿਲਡਿੰਗ) ਨੇੜੇ ਗੁਰਦੁਆਰਾ ਸਾਚਾ ਧੰਨ,
ਫੇਜ਼ 3 ਬੀ-1, ਐਸ.ਏ.ਐਸ.ਨਗਰ।
www.educationrecruitmentboard.com

ਨੰਬਰ 3/5-2016ਭ.ਡ(1)/2020 ਮਿਤੀ 21-1-2020

# "ਪਬਲਿਕ ਨੋਟਿਸ"

ਸਿੱਖਿਆ ਭਰਤੀ ਡਾਇਰੈਕਟੋਰੇਟ ਪੰਜਾਬ ਵੱਲੋਂ 74 ਲੈਕਚਰਾਰ ਸਰੀਰਕ ਸਿੱਖਿਆ ਅਤੇ 873 ਡੀ.ਪੀ.ਈ. ਮਾਸਟਰ/ਮਿਸਟ੍ਰੈਸ ਕਾਡਰ ਦੀਆਂ ਅਸਾਮੀਆਂ ਭਰਨ ਲਈ ਕ੍ਰਮਵਾਰ ਮਿਤੀ 01.02.2020 ਅਤੇ ਮਿਤੀ 02.02.2020 ਨੂੰ ਲਿਖਤੀ ਟੈਸਟ ਲਿਆ ਜਾਣਾ ਹੈ। ਇਸ ਸਬੰਧੀ ਉਮੀਦਵਾਰਾਂ ਦੀਆਂ ਸੂਚੀਆਂ ਵਿਭਾਗ ਦੀ ਵੈਬਸਾਈਟ www.educationrecruitmentboard.com ਤੇ ਉਪੱਲਬਧ ਕਰਵਾ ਦਿੱਤੀਆਂ ਹਨ।ਉਮੀਦਵਾਰ "**Download Admit Card**" ਦੇ ਲਿੰਕ ਤੇ ਜਾ ਕੇ ਆਪਣਾ ਰਜਿਸਟ੍ਰੇਸ਼ਨ ਨੰਬਰ, ਆਪਣਾ ਨਾਮ, ਪਿਤਾ ਦਾ ਨਾਂ ਅਤੇ ਮਾਤਾ ਦਾ ਨਾਂ ਭਰ ਕੇ ਆਪਣਾ ਅਡਮਿਟ ਕਾਰਡ (Admit Card) ਡਾਊਨਲੋਡ ਕਰ ਸਕਦੇ ਹਨ।ਜਿਨ੍ਹਾਂ ਉਮੀਦਵਾਰਾਂ ਨੇ ਪਹਿਲਾਂ ਆਪਣੇ ਅਡਮਿਟ ਕਾਰਡ ਡਾਊਨਲੋਡ ਕੀਤੇ ਗਏ ਸਨ ਉਨ੍ਹਾਂ ਨੂੰ ਦੁਬਾਰਾ ਅਡਮਿਟ ਕਾਰਡ ਡਾਊਨਲੋਡ ਕਰਨੇ ਲਾਜ਼ਮੀ ਹਨ ਕਿਉਂਜੋ ਉਨਾਂ ਦੇ ਪ੍ਰੀਖਿਆ ਸੈਂਟਰ ਵਿੱਚ ਤਬਦੀਲੀ ਹੋ ਸਕਦੀ ਹੈ।ਮਿਤੀ 22.01.2020 ਤੋਂ ਬਾਅਦ ਜਾਰੀ ਕੀਤੇ ਅਡਮਿਟ ਕਾਰਡਾਂ ਅਨੁਸਾਰ ਹੀ ਪ੍ਰੀਖਿਆ ਸੈਂਟਰਾਂ ਵਿੱਚ ਬੈਠਣ ਦੀ ਆਗਿਆ ਹੋਵੇਗੀ।ਉਮੀਦਵਾਰ ਲਿਖਤੀ ਟੈਸਟ ਸਬੰਧੀ "**ਉਮੀਦਵਾਰਾਂ ਲਈ ਹਦਾਇਤਾਂ**" ਨੂੰ ਚੰਗੀ ਤਰਾਂ ਪੜ੍ਹ ਲੈਣ ਤਾਂ ਜੋ ਉਨ੍ਹਾਂ ਨੂੰ ਕਿਸੇ ਤਰ੍ਹਾਂ ਦੀ ਪ੍ਰੇਸ਼ਾਨੀ ਦਾ ਸਾਹਮਣਾ ਨਾਂ ਕਰਨਾ ਪਵੇ।ਉਮੀਦਵਾਰ ਲਿਖਤੀ ਟੈਸਟ ਦੀ ਨਿਰਧਾਰਿਤ ਮਿਤੀ ਨੂੰ ਆਪਣੇ ਨਾਲ ਕੋਈ ਫੋਟੋ ਸਨਾਖਤੀ ਕਾਰਡ ਆਪਣੇ ਨਿਰਧਾਰਿਤ ਸੈਂਟਰ ਵਿੱਚ ਪੇਸ਼ ਕਰਨਾ ਯਕੀਨੀ ਬਨਾਉਣਗੇ।

ਰਾਮਜੀਤ ਸਿੰਘ
21/1/2020
ਡਿਪਟੀ ਡਾਇਰੈਕਟਰ,
ਸਿੱਖਿਆ ਭਰਤੀ ਡਾਇਰੈਕਟੋਰੇਟ,
ਪੰਜਾਬ, ਸ.ਅ.ਸ ਨਗਰ।